Roll No..................

Unique code-212301

**M.A.(Punjabi)Sem.II-1**
**Punjabi: Course-301**
**Classical Sidhant Chintan da Tulnatmak Adhian: Sidhant,Itihas ate Parvirtian**
**(Admission of 2009 & onwards)**
**REGULAR**
**(Nov.-Dec. 2016)**

**Time: 3 Hours** **Maximum Marks: 70**

**ਨੋਟ: ਪਹਿਲੇ ਚਾਰ ਭਾਗਾਂ ਵਿਚੋਂ ਕੋਈ ਇਕ-ਇਕ ਪ੍ਰਸ਼ਨ ਕਰੋ ਅਤੇ ਪੰਜਵੇਂ ਭਾਗ ਦੇ ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਲਾਜ਼ਮੀ ਹਨ।**

**ਭਾਗ-ਪਹਿਲਾ**

1. ਭਾਰਤੀ ਕਾਵਿ ਸ਼ਾਸਤਰ ਵਿਚ ਨਾਟਕ ਦੇ ਸਰੂਪ ਬਾਰੇ ਪ੍ਰਾਪਤ ਚਰਚਾ ਉੱਤੇ ਵਿਸਤ੍ਰਿਤ ਨੋਟ ਲਿਖੋ।
2. ਭਾਰਤੀ ਕਾਵਿ ਸ਼ਾਸਤਰ ਦਾ ਆਰੰਭ ਬਿੰਦੂ ਕਿਥੋਂ ਮੰਨਿਆ ਗਿਆ ? ਇਸ ਦੇ ਇਤਿਹਾਸਕ ਵਿਕਾਸ ਉਤੇ ਚਾਨਣਾ ਪਾਓ। 15×1=15

**ਭਾਗ-ਦੂਜਾ**

3. ਰਸ ਸਿਧਾਂਤ ਦਾ ਸੂਤਰ ਦੱਸਦੇ ਹੋਏ, ਇਸ ਦੀ ਵਿਆਖਿਆ ਕਰੋ।
4. ਧੁਨੀ ਦੇ ਸੰਸਥਾਪਕ ਨੇ ਕਿਸ ਸ਼ਬਦ ਸ਼ਕਤੀ ਦੇ ਅਧਾਰ 'ਤੇ ਧੁਨੀ ਦੀ ਸਥਾਪਨਾ ਕੀਤੀ ਹੈ?ਇਸ ਦੀ ਸਥਾਪਨਾ ਨਾਲ ਜੁੜੇ ਸਾਰੇ ਪੱਖਾਂ ਉਤੇ ਵਿਸਤਾਰ ਵਿਚ ਚਰਚਾ ਕਰੋ। 15×1=15

**ਭਾਗ=ਤੀਜਾ**

5. ਅਨੁਕਰਣ ਤੋਂ ਕੀ ਭਾਵ ਹੈ? ਇਸ ਬਾਰੇ ਪਲੈਟੋ ਤੇ ਅਰਸਤੂ ਦੇ ਵਿਚਾਰਾਂ ਦਾ ਵਿਸਤਾਰ ਵਿਚ ਵਰਨਣ ਕਰੋ।
6. ਤ੍ਰਾਸਦੀ ਬਾਰੇ ਤੁਸੀਂ ਕੀ ਜਾਣਦੇ ਹੋ? ਅਰਸਤੂ ਨੇ ਇਸ ਦੇ ਤੱਤਾਂ ਤੇ ਉਦੇਸ਼ ਬਾਰੇ ਕੀ ਵਿਚਾਰ ਪੇਸ਼ ਕੀਤੇ ਹਨ? ਚਰਚਾ ਕਰੋ। 15×1=15

**ਭਾਗ-ਪੰਜਵਾਂ**

7. ਲੌਨਜਾਈਨਸ ਨੇ ਉੱਦਾਤ ਦੇ ਗੁਣ-ਦੋਸ਼ਾਂ ਬਾਰੇ ਕੀ ਕਿਹਾ ਹੈ ? ਚਰਚਾ ਕਰੋ।
8. ਉੱਦਾਤ ਤੋਂ ਕੀ ਭਾਵ ਹੈ? ਇਸ ਦੇ ਮੁੱਖ ਸੋਮਿਆਂ ਬਾਰੇ ਵਿਸਤਾਰ ਵਿਚ ਲਿਖੋ। 15×1=15

9. **ਸਾਰੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ:-** 5×2=10

ੳ. ਖੰਡ ਕਾਵਿ ਬਾਰੇ ਸੰਖੇਪ ਜਾਣਕਾਰੀ ਦਿਓ।
ਅ. ਰੂਪਕ ਤੇ ਉਪਰੂਪਕ ਵਿਚ ਅੰਤਰ ਸਪੱਸ਼ਟ ਕਰੋ।
ੲ. ਧੁਨੀ ਸੰਪ੍ਰਦਾਇ ਨਾਲ ਜੁੜੇ ਚਾਰ ਅਚਾਰੀਆਂ ਦੇ ਨਾਂ ਲਿਖੋ।
ਸ. ਪਲੈਟੋ ਦੇ ਸਾਹਿਤ ਬਾਰੇ ਕੀ ਵਿਚਾਰ ਸਨ?
ਹ. ਵਿਰੇਚਨ ਤੋਂ ਕੀ ਭਾਵ ਹੈ?

O

Scanned by TapScanner

Unique code-212301 Roll No..................

**M.A.(Punjabi)Sem.II-1**
**Punjabi: Course-301**
**Classical Sidhant Chintan da Tulnatmak Adhian: Sidhant,Itihas ate Parvirtian**
**(Admission of 2009 & onwards)**
**NON-COLLEGIATE**
**(Nov.-Dec. 2016)**

**Time: 3 Hours** **Maximum Marks:100**

**ਨੋਟ: ਪਹਿਲੇ ਚਾਰ ਭਾਗਾਂ ਵਿਚੋਂ ਕੋਈ ਇਕ-ਇਕ ਪ੍ਰਸ਼ਨ ਕਰੋ ਅਤੇ ਪੰਜਵੇਂ ਭਾਗ ਦੇ ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਲਾਜ਼ਮੀ ਹਨ।**

**ਭਾਗ ਪਹਿਲਾ**

1. ਭਾਰਤੀ ਕਾਵਿ ਸ਼ਾਸਤਰੀਆਂ ਨੇ ਕਾਵਿ ਨੂੰ ਕਿਵੇਂ ਪਰਿਭਾਸ਼ਤ ਕੀਤਾ ਹੈ?ਕਾਵਿ ਦੇ ਸਰੂਪ ਅਤੇ ਪ੍ਰਯੋਜਨ ਬਾਰੇ ਭਾਰਤੀ ਕਾਵਿ ਸ਼ਾਸਤਰੀ ਦ੍ਰਿਸ਼ਟੀ ਤੋਂ ਅਧਿਐਨ ਪੇਸ਼ ਕਰੋ।
2. ਭਾਰਤੀ ਕਾਵਿ ਸ਼ਾਸਤਰੀ ਪਰੰਪਰਾ ਵਿਚ ਮਹਾਂਕਾਵਿ ਦਾ ਸਰੂਪ ਕਿਹੋ ਜਿਹਾ ਉਜਾਗਰ ਹੁੰਦਾ ਹੈ?ਪੱਛਮੀ ਕਾਵਿ ਸ਼ਾਸਤਰ ਵਿਚਲੇ ਮਹਾਂਕਾਵਿ ਦੇ ਸਰੂਪ ਨਾਲ ਇਸ ਦੀ ਤੁਲਨਾ ਕਰੋ। **20**

**ਭਾਗ ਦੂਜਾ**

3. ਸਧਾਰਨੀਕਰਨ ਤੋਂ ਕੀ ਭਾਵ ਹੈ?ਕਿਹੜੇ-ਕਿਹੜੇ ਭਾਵਾਂ ਦਾ ਸਧਾਰਨੀਕਰਨ ਹੁੰਦਾ ਹੈ?ਉਦਾਹਰਨਾਂ ਸਹਿਤ ਸਪੱਸ਼ਟ ਕਰੋ।
4. ਧੁਨੀ ਸਿਧਾਂਤ ਦੀ ਸਥਾਪਨਾ ਸ਼ਬਦ ਦੀ ਕਿਹੜੀ ਸ਼ਕਤੀ 'ਤੇ ਅਧਾਰਤ ਹੈ?ਸ਼ਬਦ ਦੀਆਂ ਕਿੰਨੀਆਂ ਸ਼ਕਤੀਆਂ ਦੀ ਚਰਚਾ ਮਿਲਦੀ ਹੈ?ਕ੍ਰਮਵਾਰ ਉਦਾਹਰਨਾਂ ਸਹਿਤ ਵੇਰਵਾ ਦਿਓ। **20**

**ਭਾਗ ਤੀਜਾ**

5. ਤ੍ਰਾਸਦੀ ਤੋਂ ਕੀ ਭਾਵ ਹੈ? ਅਰਸਤੂ ਦੀ ਦ੍ਰਿਸ਼ਟੀ ਤੋਂ ਤ੍ਰਾਸਦੀ ਦੇ ਸਰੂਪ ਉਤੇ ਵਿਸਤ੍ਰਿਤ ਨੋਟ ਲਿਖੋ।
6. ਪਲੈਟੋ ਅਤੇ ਅਰਸਤੂ ਦੇ ਸਾਹਿਤ ਸੰਬੰਧੀ ਕਿਹੋ ਜਿਹੇ ਮਤਭੇਦ ਹਨ?ਅਰਸਤੂ ਦੇ ਅਨੁਕਰਨ ਸੰਬੰਧੀ ਵਿਚਾਰ ਦੱਸਦੇ ਹੋਏ ਪਲੈਟੋ ਨਾਲੋਂ ਫ਼ਰਕ ਦੱਸੋ। **20**

**ਭਾਗ ਚੌਥਾ**

7. ਉੱਦਾਤ ਤੋਂ ਕੀ ਭਾਵ ਹੈ?ਸਾਹਿਤ ਦੀ ਉੱਦਾਤ ਰਚਨਾ ਲਈ ਲੌਂਜਾਈਨਸ ਕਿਹੜੀਆਂ ਸਥਾਪਨਾਵਾਂ ਪੇਸ਼ ਕਰਦਾ ਹੈ?
8. ਲੌਂਜਾਈਨਸ ਦੁਆਰਾ ਦਿੱਤਾ ਗਿਆ ਉੱਦਾਤ ਦਾ ਸਿਧਾਂਤ ਕੀ ਹੈ?ਉਹ ਇਸ ਦੇ ਕਿਹੜੇ ਗੁਣ-ਦੋਸ਼ਾਂ ਦੀ ਗੱਲ ਕਰਦਾ ਹੈ। **20**

**ਭਾਗ ਪੰਜਵਾਂ**

9. ਸਾਰੇ ਪ੍ਰਸ਼ਨਾਂ ਦੇ ਸੰਖੇਪ ਤੇ ਸਪੱਸ਼ਟ ਉੱਤਰ ਦਿਓ:-
   1. ਨਾਟਕ ਦੀਆਂ ਕੋਈ ਦੋ ਸੰਧੀਆਂ ਬਾਰੇ ਲਿਖੋ।
   2. ਮੁਕਤਕ ਕਾਵਿ ਤੋਂ ਕੀ ਭਾਵ ਹੈ?
   3. ਸਫੋਟ ਸਿਧਾਂਤ ਕੀ ਹੈ?
   4. ਤ੍ਰਾਸਦੀ ਦੇ ਨਾਇਕ ਬਾਰੇ ਟਿੱਪਣੀ ਕਰੋ। **4×5=20**
   5. ਲੌਂਜਾਈਨਸ ਦੇ'ਉਦਾਤ-ਸ਼ੈਲੀ' ਬਾਰੇ ਵਿਚਾਰਾਂ ਉਤੇ ਸੰਖੇਪ ਟਿੱਪਣੀ ਕਰੋ।

O

Scanned by TapScanner

M.A.(Punjabi) Sem.II-1

Punjabi: Course No - 302

Unique Code :..21.2.3.02.....

Paper: Punjabi Sufi Kaav : History, Theory and Tendencies

(Admission of 2009& onwards)

(Regular)

(Nov.-Dec. 2016)

ਕੁੱਲ ਸਮਾਂ: ਤਿੰਨ ਘੰਟੇ

ਕੁੱਲ ਅੰਕ:70

ਨੋਟ:ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਲਾਜ਼ਮੀ ਹਨ।ਪਹਿਲੇ ਭਾਗ ਵਿਚੋਂ ਇਕ, ਦੂਜੇ ਭਾਗ ਵਿਚੋਂ ਦੋ ਅਤੇ ਤੀਜੇ ਭਾਗ ਵਿਚੋਂ ਕਿਸੇ ਇਕ ਪ੍ਰਸ਼ਨ ਦਾ ਉੱਤਰ ਦਿਓ। ਚੌਥੇ ਭਾਗ ਦੇ ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਲਾਜ਼ਮੀ ਹਨ।

## ਭਾਗ ਪਹਿਲਾ

1. ਸੂਫੀ ਮਤ ਦੇ ਮੂਲ ਸਿਧਾਂਤਾਂ ਬਾਰੇ ਵਿਸਤਾਰਪੂਰਵਕ ਚਰਚਾ ਕਰੋ ।
2. ਪੰਜਾਬੀ ਸੂਫੀ ਕਾਵਿ ਦੇ ਇਤਿਹਾਸਕ ਵਿਕਾਸ ਨਾਲ ਜਾਣ-ਪਛਾਣ ਕਰਵਾਓ ।

14 x 1= 14

## ਭਾਗ ਦੂਜਾ

3. *'ਬਾਬਾ ਫ਼ਰੀਦ ਮੌਤ ਜਿਹੀ ਬੱਜਰ ਵਾਸਤਵਿਕਤਾ ਨੂੰ ਪ੍ਰਗਟਾਉਣ ਲਈ ਵਿਆਹ ਦਾ ਪ੍ਰਤੀਕ ਪ੍ਰਬੰਧ ਸਿਰਜਦੇ ਹਨ।'* ਇਸ ਕਥਨ ਦੀ ਰੋਸ਼ਨੀ ਵਿਚ ਸ਼ੇਖ ਫਰੀਦ ਦੀ ਬਾਣੀ ਵਿਚਲੀ ਪ੍ਰਤੀਕਾਤਮਕਤਾ ਉਤੇ ਇਕ ਵਿਸਤ੍ਰਿਤ ਨੋਟ ਲਿਖੋ।
4. ਬੁੱਲ੍ਹੇ ਸ਼ਾਹ ਦੇ ਜੀਵਨ, ਰਚਨਾ ਅਤੇ ਕਾਵਿ-ਕਲਾ ਬਾਰੇ ਵਿਸਤਾਰਪੂਰਵਕ ਚਰਚਾ ਕਰੋ ।
5. 'ਸੀਹਰਫ਼ੀ' ਕਾਵਿ ਰੂਪਾਕਾਰ ਨੂੰ ਪਰਿਭਾਸ਼ਤ ਕਰਦਿਆਂ ਸੁਲਤਾਨ ਬਾਹੂ ਦੁਆਰਾ ਰਚੀਆਂ ਸੀਹਰਫ਼ੀਆਂ ਦੇ ਵਿਸ਼ੇ ਪੱਖ ਉਤੇ ਚਾਨਣਾ ਪਾਓ।

14 x 2= 28

## ਭਾਗ ਤੀਜਾ

6. ਹੇਠ ਲਿਖੇ ਕਿਸੇ ਇਕ ਕਾਵਿ-ਟੋਟੇ ਦੀ ਵਿਹਾਰਕ ਸਮੀਖਿਆ ਕਰੋ :

(ੳ) ਬੋਲੈ ਸੇਖ ਫਰੀਦੁ ਪਿਆਰੇ ਅਲਹ ਲਗੇ॥
ਇਹੁ ਤਨੁ ਹੋਸੀ ਖਾਕ ਨਿਮਾਣੀ ਗੋਰ ਘਰੇ॥
ਆਜੁ ਮਿਲਾਵਾ ਸੇਖ ਫਰੀਦ
ਟਾਕਿਮ ਕੂੰਜੜੀਆ ਮਨਹੁ ਮਚਿੰਦੜੀਆ॥ ਰਹਾਉ॥



Scanned by TapScanner

ਜੇ ਜਾਣਾ ਮਰਿ ਜਾਈਐ ਘੁਮਿ ਨ ਆਈਐ॥

ਝੂਠੀ ਦੁਨੀਆ ਲਗਿ ਨ ਆਪੁ ਵਞਾਈਐ॥
ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ॥
ਜੋ ਗੁਰੁ ਦਸੈ ਵਾਟ ਮੁਰੀਦਾ ਜੋਲੀਐ॥
ਛੈਲ ਲੰਘੰਦੇ ਪਾਰਿ ਗੋਰੀ ਮਨੁ ਧੀਰਿਆ॥
ਕੰਚਨ ਵੰਨੇ ਪਾਸੇ ਕਲਵਤਿ ਚੀਰਿਆ॥

ਸੇਖ ਹੈਯਾਤੀ ਜਗਿ ਨ ਕੋਈ ਥਿਰ ਰਹਿਆ॥

ਜਿਸੁ ਆਸਣਿ ਹਮ ਬੈਠੇ ਕੇਤੇ ਬੈਸਿ ਗਇਆ॥

**ਜਾਂ**

ਰਾਂਝਾ ਰਾਂਝਾ ਕਰਦੀ ਨੀ, ਮੈਂ ਆਪੇ ਰਾਂਝਾ ਹੋਈ ।
ਸੱਦੋ ਨੀ ਮੈਨੂੰ ਧੀਦੋ ਰਾਂਝਾ, ਹੀਰ ਨਾ ਆਖੋ ਕੋਈ ।
ਰਾਂਝਾ ਮੈਂ ਵਿਚ ਮੈਂ ਰਾਂਝੇ ਵਿਚ, ਹੋਰ ਖਿਆਲ ਨਾ ਕੋਈ।
ਮੈਂ ਨਹੀਂ ਉਹ ਆਪ ਹੈ, ਆਪਣੀ ਆਪ ਕਰੇ ਦਿਲਜੋਈ।
ਰਾਂਝਾ ਰਾਂਝਾ ਕਰਦੀ ਨੀ, ਮੈਂ ਆਪੇ ਰਾਂਝਾ ਹੋਈ ।
ਹੱਥ ਖੂੰਡੀ ਮੇਰੇ ਅੱਗੇ ਮੰਗੂ, ਮੋਢੇ ਭੂਰੀ ਲੋਈ ।
ਬੁੱਲ੍ਹਾ ਹੀਰ ਸਲੇਟੀ ਵੇਖੋ, ਕਿੱਥੇ ਜਾ ਖਲੋਈ।
ਰਾਂਝਾ ਰਾਂਝਾ ਕਰਦੀ ਨੀ, ਮੈਂ ਆਪੇ ਰਾਂਝਾ ਹੋਈ ।
ਸੱਦੋ ਨੀ ਮੈਨੂੰ ਧੀਦੋ ਰਾਂਝਾ, ਹੀਰ ਨਾ ਆਖੋ ਕੋਈ । 14 x 1= 14

**ਭਾਗ ਚੌਥਾ**

7. ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਸਪਸ਼ਟ ਅਤੇ ਸੰਖੇਪ ਉੱਤਰ ਦਿਓ :

ੳ. ਸੂਫੀ ਸ਼ਬਦ ਤੋਂ ਕੀ ਭਾਵ ਹੈ ?
ਅ. 'ਸਲੋਕ' ਰੂਪਾਕਾਰ ਬਾਰੇ ਸੰਖੇਪ ਚਰਚਾ ਕਰੋ।
ੲ. ਸੂਫੀ ਮਤ ਕਿਹੜੀਆਂ ਚਾਰ ਮੰਜ਼ਿਲਾਂ ਦੀ ਗੱਲ ਕਰਦਾ ਹੈ ?
ਸ. ਸ਼ੇਖ ਫ਼ਰੀਦ ਦੀ ਰਚਨਾ ਕਿਹੜੇ ਸਾਹਿਤਕ ਰੂਪਾਕਾਰਾਂ ਵਿਚ ਹੈ?
ਹ. ਸ਼ੇਖ ਫ਼ਰੀਦ ਰਚਿਤ ਕਿਸੇ ਇਕ ਸਲੋਕ ਨੂੰ ਸ਼ੁੱਧ ਰੂਪ ਵਿਚ ਲਿਖੋ।
ਕ. ਸੁਲਤਾਨ ਬਾਹੂ ਦੇ ਜੀਵਨ ਬਾਰੇ ਇਕ ਸੰਖੇਪ ਟਿੱਪਣੀ ਲਿਖੋ।
ਖ. 'ਮਾਟੀ ਕੁਦਮ ਕਰੇਂਦੀ ਯਾਰ' ਕਾਫੀ ਦਾ ਵਿਸ਼ਾ ਕੀ ਹੈ ? 2 x 7= 14



Scanned by TapScanner

M.A.(Punjabi) Sem.II-1

Punjabi: Course No - 302

Unique Code :. 212302....

Paper: Punjabi Sufi Kaav : History, Theory and Tendencies

(Admission of 2009& onwards)

(Non-Collegiate)

(Nov.-Dec. 2016)

ਕੁੱਲ ਸਮਾਂ:ਤਿੰਨ ਘੰਟੇ ਕੁੱਲ ਅੰਕ:

100

ਨੋਟ:ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਲਾਜ਼ਮੀ ਹਨ।ਪਹਿਲੇ ਭਾਗ ਵਿਚੋਂ ਇਕ, ਦੂਜੇ ਭਾਗ ਵਿਚੋਂ ਦੋ ਅਤੇ ਤੀਜੇ ਭਾਗ ਵਿਚੋਂ ਕਿਸੇ ਇਕ ਪ੍ਰਸ਼ਨ ਦਾ ਉਤਰ ਦਿਓ। ਚੋਥੇ ਭਾਗ ਦੇ ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਲਾਜ਼ਮੀ ਹਨ।

## ਭਾਗ ਪਹਿਲਾ

1. ਸੂਫੀ ਮਤ ਦੇ ਅਰੰਭ ਅਤੇ ਵਿਕਾਸ ਬਾਰੇ ਵਿਸਤਾਰਪੂਰਵਕ ਚਰਚਾ ਕਰੋ ।
2. ਸੂਫੀ ਕਵਿਤਾ ਦੀਆਂ ਮੁੱਖ ਪ੍ਰਵਿਰਤੀਆਂ ਨੂੰ ਆਪਣੇ ਅਧਿਐਨ ਦਾ ਵਿਸ਼ਾ ਬਣਾਓ ।

20 x 1=

20

## ਭਾਗ ਦੂਜਾ

3. ਫਰੀਦ ਬਾਣੀ ਦੀ ਕਾਵਿ ਬਣਤਰ ਬਾਰੇ ਚਰਚਾ ਕਰੋ ।
4. ਬੁੱਲ੍ਹੇ ਸ਼ਾਹ ਦੇ ਕਾਵਿ ਵਿਚ ਪੇਸ਼ ਇਸ਼ਕ ਅਨੁਭਵ ਬਾਰੇ ਆਪਣੇ ਵਿਚਾਰ ਪੇਸ਼ ਕਰੋ।
5. ਕਲਾਮ ਸੁਲਤਾਨ ਬਾਹੂ ਵਿਚ ਕਿਹੜੇ ਲੋਕਧਾਰਾਈ ਤੱਤਾਂ ਨੂੰ ਇਕ ਸੰਚਾਰ ਜੁਗਤ ਵਜੋਂ ਵਰਤਿਆ ਗਿਆ ਹੈ ? 20

x 2= 40

## ਭਾਗ ਤੀਜਾ

6. ਹੇਠ ਲਿਖੇ ਕਿਸੇ ਇਕ ਕਾਵਿ-ਟੋਟੇ ਦੀ ਵਿਹਾਰਕ ਸਮੀਖਿਆ ਕਰੋ :

ਚੜ੍ਹ ਚੰਨਾ ਤੂੰ ਕਰ ਰੁਸ਼ਨਾਈ, ਤਾਰੇ ਜ਼ਿਕਰ ਕਰੇਂਦੇ ਬਹੁਤੇਰਾ ਹੂ ।
ਤੇਰੇ ਜੇਹੇ ਚੰਨ ਕਈ ਸੈ ਚੜ੍ਹਦੇ, ਸਾਨੂੰ ਸੱਜਨਾਂ ਬਾਝ ਅੰਧੇਰਾ ਹੂ ।
ਜਿਥੇ ਚੰਨ ਅਸਾਡਾ ਚੜ੍ਹਦਾ, ਓਥੇ ਕਦਰ ਨਹੀਂ ਕੁਝ ਤੇਰਾ ਹੂ ।
ਜਿਸਦੇ ਕਾਰਨ ਅਸਾਂ ਜਨਮ ਗਵਾਯਾ, ਬਾਹੂ ਯਾਰ ਮਿਲਸਨ ਇਕ ਵੇਰਾਂ ਹੂ ।



Scanned by TapScanner

**ਜਾਂ**

ਬੁੱਲ੍ਹਾ ਕੀ ਜਾਣਾ ਮੈਂ ਕੌਣ।
ਨਾ ਮੈਂ ਮੋਮਨ ਵਿਚ ਮਸੀਤਾਂ, ਨਾ ਮੈਂ ਵਿਚ ਕੁਫਰ ਦੀਆਂ ਰੀਤਾਂ।
ਨਾ ਮੈਂ ਪਾਕਾਂ ਵਿਚ ਪਲੀਤਾਂ, ਨਾ ਮੈਂ ਮੂਸਾ ਨਾ ਫਰਔਨ।
ਬੱਲ੍ਹਾ ਕੀ ਜਾਣਾ ਮੈਂ ਕੌਣ।
ਨਾ ਮੈਂ ਅੰਦਰ ਬੇਦ ਕਿਤਾਬਾਂ, ਨਾ ਮੈਂ ਵਿਚ ਭੰਗ ਸ਼ਰਾਬਾਂ।
ਨਾ ਰਿੰਦਾਂ ਵਿਚ ਮਸਤ ਖਰਾਬਾਂ, ਨਾ ਵਿਚ ਜਾਗਣ ਨਾ ਵਿਚ ਸੌਣ।
ਬੁੱਲ੍ਹਾ ਕੀ ਜਾਣਾ ਮੈਂ ਕੌਣ।

20 x 1= 20

**ਭਾਗ ਚੌਥਾ**

7. ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਸਪਸ਼ਟ ਅਤੇ ਸੰਖੇਪ ਉੱਤਰ ਦਿਓ :

ੳ. ਸੂਫੀ ਮਤ ਵਿਚ ਸ਼ਰੀਅਤ ਦੇ ਮਹੱਤਵ ਬਾਰੇ ਟਿੱਪਣੀ ਕਰੋ?
ਅ. 'ਕਾਫੀ' ਰੂਪਾਕਾਰ ਬਾਰੇ ਸੰਖੇਪ ਚਰਚਾ ਕਰੋ।
ੲ. ਚਾਰ ਪ੍ਰਮੱਖ ਸੂਫੀ ਸਿਲਸਿਲੇ ਕਿਹੜੇ ਹਨ ?
ਸ. ਫਰੀਦ ਬਾਣੀ ਦੇ ਨੈਤਿਕ ਸਰੋਕਾਰ ਕਿਹੜੇ ਹਨ?
ਹ. ਬੁੱਲ੍ਹੇ ਸ਼ਾਹ ਦੇ ਕਾਵਿ ਵਿਚ ਮੁਰਸ਼ਦ ਦਾ ਕੀ ਮਹੱਤਵ ਹੈ?

4 x 5= 20

Scanned by TapScanner

P-212303

Roll No.............

**M.A.(Punjabi) Sem. II-I**
**Course No-303**
**Paper: Punjabi Qissa te Vaar Kav**
**(Admission of 2009& onwards)**
**(Regular)**
**(Nov-Dec 2016)**

**ਕੁੱਲ ਸਮਾ:ਤਿੰਨ ਘੰਟੇ** **ਕੁੱਲ ਅੰਕ:70**

ਨੋਟ: ਸਾਰੇ ਪ੍ਰਸ਼ਨ ਲਾਜ਼ਮੀ ਹਨ। ਪਹਿਲੇ ਭਾਗ ਵਿਚੋਂ **ਇੱਕ**, ਦੂਜਾ ਵਿਚੋਂ **ਦੋ,** ਤੀਜੇ ਵਿਚੋਂ **ਇੱਕ** ਅਤੇ ਚੌਥੇ ਭਾਗ ਦੇ **ਸਾਰੇ** ਪ੍ਰਸ਼ਨ ਲਾਜ਼ਮੀ ਹਨ।

## ਭਾਗ ਪਹਿਲਾ

1. ਪੰਜਾਬੀ ਕਿੱਸਾ-ਕਾਵਿ ਦੀ ਵਿਕਾਸ ਪਰੰਪਰਾ ਉਲੀਕੋ। 14

ਜਾਂ

ਚੰਡੀ ਦੀ ਵਾਰ ਵਿੱਚ ਮਿੱਥ ਰੂਪਾਂਤਰਨ ਉੱਤੇ ਨੋਟ ਲਿਖੋ।

## ਭਾਗ ਦੂਜਾ

2. 'ਹੀਰ ਵਾਰਿਸ' ਦਾ ਵਿਰਚਨਾਤਮਕ ਦ੍ਰਿਸ਼ਟੀ ਤੋਂ ਅਧਿਐਨ ਕਰੋ।
3. 'ਸੱਸੀ ਹਾਸ਼ਮ'ਵਿਚ ਇਸ਼ਕ ਦੇ ਸੰਕਲਪ ਦੀ ਪੇਸ਼ਕਾਰੀ ਕਿਵੇਂ ਹੋਈ ਹੈ? ਚਰਚਾ ਕਰੋ।
4. 'ਚੰਡੀ ਦੀ ਵਾਰ' ਦਾ ਵਿਸ਼ੇਗਤ ਅਧਿਐਨ ਕਰੋ। 2×14=28

## ਭਾਗ ਤੀਜਾ

5. ਹੇਠ ਲਿਖੇ ਕਾਵਿ-ਬੰਦਾਂ ਵਿਚੋਂ ਕਿਸੇ **ਇਕ** ਦਾ ਵਿਹਾਰਕ-ਵਿਸ਼ਲੇਸ਼ਣ ਕਰੋ:-

ਚੋਬੀ ਧਉਸਾਂ ਪਾਈ ਦਲਾਂ ਮੁਕਾਬਲਾ।
ਦਸਤੀਂ ਧੂਹਿ ਨਚਾਈਆਂ ਤੇਗਾਂ ਨੰਗੀਆਂ।
ਸੂਰਿਆਂ ਦੇ ਤਨ ਲਾਈਆਂ ਗੋਸਤ ਗਿੱਧੀਆਂ।
ਬਿੱਧਣ ਰਾਤੀ ਆਈਆਂ ਮਰਦਾਂ ਘੋੜਿਆਂ।
ਜੋਗਣੀਆਂ ਮਿਲਿ ਧਾਈਆਂ ਲੋਹੂ ਭੱਖਣਾ।
ਫਉਜਾਂ ਮਾਰਿ ਹਟਾਈਆਂ ਦੇਵਾਂ ਦਾਨਵਾਂ।
ਭਜਦੀ ਕਥਾ ਸੁਣਾਈਆਂ ਰਾਜੇ ਸੁੰਭ ਥੈ।
ਭੁਈ ਨ ਪਉਣੈ ਪਾਈਆਂ ਬੂੰਦਾਂ ਰਕਤ ਦੀਆਂ।
ਕਾਲੀ ਖੇਤਿ ਖਪਾਈਆਂ ਸੱਭੇ ਸੂਰਤਾਂ।
ਬਹੁਤੀਂ ਸਿਰੀਂ ਬਿਹਾਈਆਂ ਘੜੀਆਂ ਕਾਲ ਕੀਆਂ।
ਜਾਣ ਨ ਜਾਏ ਮਾਈਆਂ ਜੂਝੇ ਸੂਰਮੇ।

ਜਾਂ

ਹੀਰ ਵੱਤ ਕੇ ਬੇਲਿਓਂ ਘਰੀਂ,
ਮਾਂ ਪਿਉ ਕਾਜ਼ੀ ਨੂੰ ਸਦ ਲਿਆਉਂਦੇ ਨੇ।
ਦੋਵੇਂ ਆਪ ਬੈਠੇ ਅਤੇ ਵਿੱਚ ਕਾਜ਼ੀ,

Scanned by TapScanner

ਅਤੇ ਸਾਹਮਣੇ ਹੀਰ ਬਹਾਉਂਦੇ ਨੇ।
ਬੱਚੀ ਹੀਰ,ਤੈਨੂੰ ਅਸੀਂ ਮੱਤ ਦੇਂਦੇ,
ਮਿੱਠੀ ਨਾਲ ਜ਼ਬਾਨ ਸਮਝਾਉਂਦੇ ਨੇ।
ਚਾਕ ਚੋਬਰਾਂ ਨਾਲ ਨਾ ਗੱਲ ਕੀਜੇ,
ਇਹ ਮਿਹਨਤੀ ਕੇਹੜੇ ਥਾਉਂ ਦੇ ਨੇ।
ਤ੍ਰਿਞਣ ਜੋੜ ਕੇ ਆਪਣੇ ਘਰੀਂ ਬਹੀਏ,
ਸੁਘੜ ਗਾਉਂ ਜੀਉ ਪਰਚਾਉਂਦੇ ਨੇ।
ਲਾਲ ਚਰਖੜਾ ਡਾਹ ਕੇ ਛੋਪ ਪਾਈਏ,
ਕੇਹੇ ਸੋਹਣੇ ਗੀਤ ਝਨਾਉਂ ਦੇ ਨੇ।
ਚੂਚਕ ਸਿਆਲ ਹੋਰੀਂ, ਹੀਰੇ ਜਾਣਨੀ ਏ,
ਸਰਦਾਰ ਤੇ ਪੰਚ ਗਰਾਉਂਦੇ ਨੇ।
ਸ਼ਰਮ ਮਾਪਿਆਂ ਦੀ ਵਲ ਧਿਆਨ ਕੀਜੇ,
ਬਾਲਾ ਸ਼ਾਨ ਇਹ ਜੱਟ ਸਦਾਉਂਦੇ ਨੇ।
ਬਾਹਰ ਫਿਰਨ ਨਾ ਸੁਹੰਦਾ ਕੁਆਰੀਆਂ ਨੂੰ,
ਅੱਜ ਕਲ ਲਾਗੀ ਘਰ ਆਉਂਦੇ ਨੇ। 14

**ਭਾਗ ਚੌਥਾ**

6. ਨੋਟ: ਸਾਰੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਉ:-
ੳ. 'ਹੀਰ ਵਾਰਿਸ' ਦੇ ਸਮਾਜਿਕ ਪ੍ਰਬੰਧ ਉਪਰ ਸੰਖੇਪ ਟਿੱਪਣੀ ਕਰੋ।
ਅ. 'ਹੀਰ ਵਾਰਿਸ' ਕਿਸ ਛੰਦ ਵਿੱਚ ਲਿਖੀ ਗਈ ਹੈ?
ੲ. ਪੁੰਨੂੰ ਕਿੱਥੋਂ ਦਾ ਸ਼ਾਹਿਜ਼ਾਦਾ ਸੀ?
ਸ. ਨਜੂਮੀ ਸੱਸੀ ਬਾਰੇ ਕੀ ਭਵਿੱਖਵਾਣੀ ਕਰਦੇ ਹਨ?
ਹ. ਚੰਡੀ ਦੀ ਵਾਰ ਦਾ ਮਹਾਤਮ ਦੱਸੋ।
ਕ. ਚੰਡੀ ਦੀ ਵਾਰ ਵਿੱਚ ਪ੍ਰਮੁੱਖ ਤੌਰ 'ਤੇ ਕਿਹੜੀਆਂ ਭਾਸ਼ਾਵਾਂ ਦੇ ਸ਼ਬਦਾਂ ਦਾ ਪ੍ਰਯੋਗ ਹੋਇਆ?
ਖ. ਕਿੱਸਾ-ਕਾਵਿ ਧਾਰਾ ਉਤੇ ਪ੍ਰਮੁੱਖ ਤੌਰ 'ਤੇ ਕਿਨ੍ਹਾਂ ਪੰਰਪਰਾਵਾਂ ਦਾ ਪ੍ਰਭਾਵ ਮੰਨਿਆ ਜਾਂਦਾ ਹੈ?

7×2=14

Scanned by TapScanner

Roll No............

P- 212303

**M.A.(Punjabi) Sem. II-I**
**Course No-303**
**Paper: Punjabi Qissa te Vaar Kav**
**(Admission of 2009& onwards)**
**Non-collegiate**
**(Nov.-Dec. 2016)**

**ਕੁੱਲ ਅੰਕ:100**

**ਕੁੱਲ ਸਮਾ:ਤਿੰਨ ਘੰਟੇ**

ਨੋਟ: ਸਾਰੇ ਪ੍ਰਸ਼ਨ ਲਾਜ਼ਮੀ ਹਨ।ਪਹਿਲੇ ਭਾਗ ਵਿਚੋਂ **ਇੱਕ**, ਦੂਜਾ ਵਿਚੋਂ **ਦੋ,** ਤੀਜੇ ਵਿਚੋਂ **ਇੱਕ** ਅਤੇ ਚੌਥੇ ਭਾਗ ਦੇ **ਸਾਰੇ** ਪ੍ਰਸ਼ਨ ਲਾਜ਼ਮੀ ਹਨ।

## ਭਾਗ ਪਹਿਲਾ

1. ਪੰਜਾਬੀ ਕਿੱਸਾ-ਕਾਵਿ ਨੂੰ ਪਰਿਭਾਸ਼ਿਤ ਕਰਦੇ ਹੋਏ, ਪੰਜਾਬੀ ਕਿੱਸਾ-ਕਾਵਿ ਦੀਆਂ ਵਿਸ਼ੇਸ਼ਤਾਵਾਂ ਨਾਲ ਜਾਣ- ਪਛਾਣ ਕਰਾਓ।

ਜਾਂ 20

ਪੰਜਾਬੀ ਵਾਰ-ਕਾਵਿ ਪਰੰਪਰਾ ਉੱਤੇ ਵਿਸਤ੍ਰਿਤ ਚਰਚਾ ਕਰੋ।

## ਭਾਗ ਦੂਜਾ

2. 'ਹੀਰ ਵਾਰਿਸ' ਦੀ ਕਾਵਿ-ਸ਼ੈਲੀ ਬਾਰੇ ਵਿਸਤਾਰਪੂਰਵਕ ਚਰਚਾ ਕਰੋ।
3. 'ਸੱਸੀ ਹਾਸ਼ਮ' ਦੇ ਕਿੱਸੇ ਦਾ ਵਿਸ਼ੇਗਤ ਅਧਿਐਨ ਕਰੋ। 2×20=40
4. 'ਚੰਡੀ ਦੀ ਵਾਰ' ਵਿੱਚ ਨਾਇਕ ਦੇ ਸੰਕਲਪ ਉੱਤੇ ਵਿਸਤ੍ਰਿਤ ਨੋਟ ਲਿਖੋ।

## ਭਾਗ ਤੀਜਾ

5. ਹੇਠ ਲਿਖੇ ਕਾਵਿ-ਬੰਦਾਂ ਵਿੱਚੋਂ ਕਿਸੇ **ਇੱਕ** ਦਾ ਵਿਹਾਰਕ-ਵਿਸ਼ਲੇਸ਼ਣ ਕਰੋ:

ਤੁਰਸਾਂ ਮੂਲ ਨਾ ਮੁੜਸਾਂ ਰਾਹੋਂ,ਜਾਨ ਤਲੀ ਪਰ ਧਰਸਾਂ।
ਜਬ ਲਗ ਸਾਸ ਨਿਰਾਸ ਨਾ ਹੋਵਾਂ,ਮਰਨੋਂ ਮੂਲ ਨਾ ਡਰਸਾਂ।
ਜੇ ਰੱਬ ਕੂਕ ਸੱਸੀ ਦੀ ਸੁਣਸੀ,ਜਾ ਪੱਲਾ ਉਸ ਫੜਸਾਂ।
ਹਾਸ਼ਮ ਨਹੀਂ ਸ਼ਹੀਦ ਹੋ ਵੈਸਾਂ,ਥਲ ਮਾਰੂ ਵਿਚ ਮਰਸਾਂ।

ਜਾਂ

ਧੂਹਿ ਲਈ ਕ੍ਰਿਪਾਣੀ ਦੁਰਗਾ ਮਿਆਨ ਤੇ।
ਚੰਡੀ ਰਾਖਸ ਖਾਣੀ ਵਾਹੀ ਦੈਂਤ ਨੂੰ।
ਕੋਪਰ ਚੂਰ ਚਵਾਣੀ ਰੜਕੀ ਧਉਲ ਜਾਇ।
ਲੈਂਦੀ ਅਘਾਂ ਸਿਧਾਣੀ ਸਿੰਗਾਂ ਧਉਲ ਜਾਇ।
ਕੂਰਮ ਸਿਰ ਲਹਲਾਣੀ ਦੁਸਮਨ ਮਾਰਿ ਕੈ।
ਵੱਢੇ ਗੱਨ ਤਿਖਾਣੀ ਮੂਏ ਖੇਤ ਵਿਚਿ।
ਰਣ ਵਿਚਿ ਘੱਤੀ ਘਾਣੀ ਲੋਹੂ ਮਿੱਝ ਦੀ।
ਚਾਰੇ ਜੁਗ ਕਹਾਣੀ ਚੱਲਗੁ ਤੇਗ ਦੀ।
ਬਿੱਧਣ ਖੇਤ ਵਿਹਾਣੀ ਮਹਿਖੇ ਦੈਂਤ ਨੂੰ। 20

## ਭਾਗ ਚੌਥਾ

6. ਨੋਟ: ਸਾਰੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਉ:-

ੳ. ਬਿਰਤਾਂਤ ਨੂੰ ਪਰਿਭਾਸ਼ਤ ਕਰੋ।
ਅ. ਹੀਰ ਵਾਰਿਸ ਤੇ ਹੀਰ ਦਮੋਦਰ ਵਿੱਚ ਅੰਤਰ ਸਪਸ਼ਟ ਕਰੋ।
ੲ. ਜੰਗਨਾਮਾ ਤੇ ਵਾਰ ਵਿੱਚ ਅੰਤਰ ਦੱਸੋ।
ਸ. ਦਵੱਈਆ ਛੰਦ ਬਾਰੇ ਉਦਾਹਰਨਾਂ ਸਮੇਤ ਜਾਣਕਾਰੀ ਦਿਓ।
ਹ. ਕੀ ਸੱਸੀ ਪੁੰਨੂ ਤ੍ਰਾਸਦਿਕ ਰਚਨਾ ਹੈ? ਟਿੱਪਣੀ ਕਰੋ। 5×4=20

Scanned by TapScanner

Unique Code : 212304 (i)　　　　　　　　　　　　　　　　Roll No........................

**M.A. (Punjabi) Sem. 2-I**
**Punjabi Course No. 304 ( Option i)**
**Paper: Gurmat Kaav : History, Theory and Tendencies**
**Admission:2009 and onwards**
**Regular ( Nov.-Dec. 2016)**

**Time : 3 hours**　　　　　　　　　　　　　　　　**Max. Marks : 70**

**ਨੋਟ** : ਪ੍ਰਸ਼ਨ ਪੱਤਰ ਦੇ ਚਾਰ ਭਾਗ ਹਨ। ਸਾਰੇ ਭਾਗ ਲਾਜ਼ਮੀ ਹਨ। ਹਰ ਭਾਗ ਦੇ ਮੁੱਢ ਵਿਚ ਦਰਜ ਹਦਾਇਤਾਂ ਨੂੰ ਧਿਆਨ ਨਾਲ ਪੜ੍ਹੋ।

**ਭਾਗ ਪਹਿਲਾ**

**ਨੋਟ** : ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਪ੍ਰਸ਼ਨ ਦਾ ਉੱਤਰ ਦਿਉ ।

1. 'ਬਾਣੀ-ਵਿਧੀ' ਅਤੇ 'ਕਾਵਿ-ਵਿਧੀ' ਵਿਚਲਾ ਬੁਨਿਆਦੀ ਅੰਤਰ ਸਪੱਸ਼ਟ ਕਰੋ ।
2. ਗੁਰਮਤਿ-ਕਾਵਿ ਦੇ ਵਿਚਾਰਧਾਰਕ ਪਰਿਪੇਖ ਨੂੰ ਵਿਸਥਾਰ ਸਹਿਤ ਚਰਚਾ ਦਾ ਵਿਸ਼ਾ ਬਣਾਉ।

**1x14=14**

**ਭਾਗ ਦੂਜਾ**

**ਨੋਟ** : ਹੇਠ ਲਿਖਿਆਂ ਵਿੱਚੋਂ ਕੋਈ ਦੋ ਪ੍ਰਸ਼ਨਾਂ ਦੇ ਉੱਤਰ ਦਿਉ ।

3. 'ਆਸਾ ਦੀ ਵਾਰ' ਬਾਣੀ ਨੂੰ ਇੱਕ ਅਧਿਆਤਮਕ ਵਾਰ ਦੇ ਤੌਰ 'ਤੇ ਚਰਚਾ ਦਾ ਵਿਸ਼ਾ ਬਣਾਉ।
4. 'ਸੁਖਮਨੀ' ਬਾਣੀ ਦੀ ਵਿਚਾਰਧਾਰਾ ਦੇ ਪ੍ਰਮੁੱਖ ਨੁਕਤਿਆਂ ਨੂੰ ਚਰਚਾ ਦਾ ਵਿਸ਼ਾ ਬਣਾਉ।
5. 'ਜਾਪੁ' ਸਾਹਿਬ ਬਾਣੀ ਦਾ ਥੀਮਿਕ ਅਧਿਐਨ ਪੇਸ਼ ਕਰੋ ।

**2x14=28**

**ਭਾਗ ਤੀਜਾ**

**ਨੋਟ** : ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਬਾਣੀ-ਬੰਦ ਦਾ ਵਿਹਾਰਕ ਵਿਸ਼ਲੇਸ਼ਣ ਕਰੋ :-

6. (i) ਨਾਮ ਠਾਮ ਨਾ ਜਾਤਿ ਜਾਕਰ ਰੂਪ ਰੰਗ ਨਾ ਰੇਖ ॥
ਆਦਿ ਪੁਰਖ ਉਦਾਰ ਮੂਰਤਿ ਅਜੋਨਿ ਆਦਿ ਅਸੇਖ॥
ਦੇਸ ਔਰ ਨਾ ਭੇਸ ਜਾਕਰ ਰੂਪ ਰੇਖ ਨਾ ਰਾਗ॥
ਜਤ੍ਰ ਤਤ੍ਰ ਦਿਸਾ ਵਿਸਾ ਹੋਇ ਫੈਲਿਓ ਅਨੁਰਾਗ॥੮੦॥

(ii) ਅਸਟਪਦੀ॥
ਜਹ ਮਾਤ ਪਿਤਾ ਸੁਤ ਮੀਤ ਨਾ ਭਾਈ॥
ਮਨ ਊਹਾ ਨਾਮੁ ਤੇਰੈ ਸੰਗਿ ਸਹਾਈ ॥
ਜਹ ਮਹਾ ਭਇਆਨ ਦੂਤ ਜਮ ਦਲੈ॥

Scanned by TapScanner

ਤਹ ਕੇਵਲ ਨਾਮੁ ਸੰਗਿ ਤੇਰੈ ਚਲੈ॥
ਜਹ ਮੁਸਕਲ ਹੋਵੈ ਅਤਿ ਭਾਰੀ॥
ਹਰਿ ਕੋ ਨਾਮੁ ਖਿਨ ਮਾਹਿ ਉਧਾਰੀ॥
ਅਨਿਕ ਪੁਨਹਚਰਨ ਕਰਤ ਨਹੀ ਤਰੈ॥
ਹਰਿ ਕੋ ਨਾਮ ਕੋਟਿ ਪਾਪ ਪਰਹਰੈ॥
ਗੁਰਮੁਖਿ ਨਾਮੁ ਜਪਹੁ ਮਨ ਮੇਰੇ॥
ਨਾਨਕ ਪਾਵਹੁ ਸੂਖ ਘਨੇਰੇ॥੧॥

**1x14=14**

## ਭਾਗ ਚੌਥਾ

**ਨੋਟ** : ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਉ। ਹਰੇਕ ਉੱਤਰ ਪੰਜਾਹ-ਸੱਠ ਸ਼ਬਦਾਂ ਤੋਂ ਉੱਪਰ ਨਾ ਹੋਵੇ ।

**7.** (i) 'ਮੰਗਲਾਚਰਣ' ਤੋਂ ਕੀ ਭਾਵ ਹੈ ?

(ii) ਗੁਰਮਿਤ-ਕਾਵਿ ਦੇ ਬੁਨਿਆਦੀ ਪ੍ਰੇਰਨਾ-ਸਰੋਤ ਕਿਹੜੇ ਹਨ ?

(iii) ਗੁਰਮਤਿ-ਕਾਵਿ 'ਚੋਂ 'ਬ੍ਰਹਮ' ਦਾ ਕਿਹੋ ਜਿਹਾ ਸੰਕਲਪ ਉੱਭਰਦਾ ਹੈ ?

(iv) 'ਨਿਰਗੁਣ' ਅਤੇ 'ਸਰਗੁਣ' ਭਗਤੀ ਵਿਚਲਾ ਅੰਤਰ ਸਪੱਸ਼ਟ ਕਰੋ ?

(v) 'ਸੁਖਮਨੀ' ਬਾਣੀ 'ਚੋਂ ਸੁਖ ਦਾ ਕਿਹੋ ਜਿਹਾ ਸੰਕਲਪ ਉੱਭਰਦਾ ਹੈ ?

(vi) 'ਜਾਪੁ'ਸਾਹਬਿ ਬਾਣੀ ਦੇ ਭਾਸ਼ਾਈ ਗੁਣ ਬਿਆਨ ਕਰੋ ।

(vii) "ਵਾਰ ਸਲੋਕਾ ਨਾਲਿ ਸਲੋਕ ਭੀ ਮਹਲੇ ਪਹਿਲੇ ਕੇ ਲਿਖੇ ਟੁੰਡੇ ਅਸਰਾਜੈ ਕੀ ਧੁਨੀ॥" ਕਥਨ ਦੀ ਵਿਆਖਿਆ ਕਰੋ।

**7x2=14**

------------------- 00 -------------------

Scanned by TapScanner

Unique Code: 212304 (i) Roll No.......................

**M.A. (Punjabi) Sem. 2-I**
**Punjabi Course No. 304 ( Option i)**
**Paper: Gurmat Kaav : History, Theory and Tendencies**
**Admission:2009 and onwards**
**NCWEB ( Nov.-Dec. 2016)**

**Time : 3 hours** **Max. Marks : 100**

**ਨੋਟ** : ਪ੍ਰਸ਼ਨ ਪੱਤਰ ਦੇ ਚਾਰ ਭਾਗ ਹਨ। ਸਾਰੇ ਭਾਗ ਲਾਜ਼ਮੀ ਹਨ। ਹਰ ਭਾਗ ਦੇ ਮੁੱਢ ਵਿਚ ਦਰਜ਼ ਹਦਾਇਤਾਂ ਨੂੰ ਧਿਆਨ ਨਾਲ ਪੜ੍ਹੋ।

**ਭਾਗ ਪਹਿਲਾ**

**ਨੋਟ** : ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਪ੍ਰਸ਼ਨ ਦਾ ਉੱਤਰ ਦਿਉ ।

1. 'ਗੁਰਮਤਿ-ਕਾਵਿ ਪਰੰਪਰਾ' ਨੂੰ ਚਰਚਾ ਦਾ ਵਿਸ਼ਾ ਬਣਾਉ।
2. ਗੁਰਬਾਣੀ ਦੇ ਕਾਵਿ ਸ਼ਾਸਤਰ ਨਾਲ ਸੰਬੰਧਤ ਮਸਲਾ ਕੀ ਹੈ ? ਚਰਚਾ ਕਰੋ।

**1x20=20**

**ਭਾਗ ਦੂਜਾ**

**ਨੋਟ** : ਹੇਠ ਲਿਖਿਆਂ ਵਿੱਚੋਂ ਕੋਈ ਦੋ ਪ੍ਰਸ਼ਨਾਂ ਦੇ ਉੱਤਰ ਦਿਉ ।

3. 'ਆਸਾ ਦੀ ਵਾਰ' ਵਿਚਲੇ ਸਲੋਕਾਂ ਤੇ ਪਉੜੀਆਂ ਦੇ ਆਪਸੀ ਸੰਬੰਧਾਂ ਉੱਪਰ ਵਿਸਤ੍ਰਿਤ ਨੋਟ ਲਿਖੋ।
4. 'ਸੁਖਮਨੀ' ਬਾਣੀ ਦਾ ਦਾਰਸ਼ਨਿਕ ਪਰਿਪੇਖ ਉਸਾਰੋ।
5. 'ਜਾਪੁ'ਸਾਹਿਬ ਬਾਣੀ ਦੇ ਰਚਨਾ-ਪ੍ਰਬੰਧ ਨਾਲ ਜਾਣ-ਪਛਾਣ ਕਰਾਉ।

**2x20=40**

**ਭਾਗ ਤੀਜਾ**

**ਨੋਟ** : ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਬਾਣੀ-ਬੰਦ ਦਾ ਵਿਹਾਰਕ ਵਿਸ਼ਲੇਸ਼ਣ ਕਰੋ :-

6. (i) ਚੱਕ੍ਰ ਚਿਹਨ ਅਰੁ ਬਰਨ, ਜਾਤਿ ਅਰੁ ਪਾਤਿ ਨਹਿਨ ਜਿਹ॥
ਰੂਪ ਰੰਗ ਅਰੁ ਰੇਖ, ਭੇਖ ਕੋਊ ਕਹਿ ਨ ਸਕਤ ਕਿਹ॥
ਅਚਲ ਮੂਰਤਿ ਅਨਭਉ ਪ੍ਰਕਾਸੁ ਅਮਿਤੋਜ_ ਕਹਿਜੈ॥
ਕੋਟਿ ਇੰਦ੍ਰ ਇੰਦ੍ਰਾਨ ਸਾਹ ਸਾਹਾਨ ਗਣਿਜੈ॥
ਤ੍ਰਿਭਵਨ ਮਹੀਪੁ ਸੁਰ ਨਰ ਅਸੁਰ ਨੇਤਿ ਨੇਤਿ ਬਨ ਤ੍ਰਿਣ ਕਹਤ॥
ਤਵ ਸਰਬ ਨਾਮੁ ਕਥੈ ਕਵਨੁ ਕਰਮ ਨਾਮ ਬਰਨਤ ਸੁਮਤਿ॥੧॥

(ii) ਬ੍ਰਹਮ ਗਿਆਨੀ ਸਭ ਸ੍ਰਿਸਟਿ ਕਾ ਕਰਤਾ ॥
ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ ॥
ਬ੍ਰਹਮ ਗਿਆਨੀ ਮੁਕਤਿ ਜੁਗਤਿ ਜੀਅ ਕਾ ਦਾਤਾ ॥
ਬ੍ਰਹਮ ਗਿਆਨੀ ਪੂਰਨ ਪੁਰਖੁ ਬਿਧਾਤਾ ॥
ਬ੍ਰਹਮ ਗਿਆਨੀ ਅਨਾਥ ਕਾ ਨਾਥੁ ॥

Scanned by TapScanner

ਬ੍ਰਹਮ ਗਿਆਨੀ ਕਾ ਸਭ ਊਪਰਿ ਹਾਥੁ ॥
ਬ੍ਰਹਮ ਗਿਆਨੀ ਕਾ ਸਗਲ ਅਕਾਰੁ ॥
ਬ੍ਰਹਮ ਗਿਆਨੀ ਆਪਿ ਨਿਰੰਕਾਰੁ ॥
ਬ੍ਰਹਮ ਗਿਆਨੀ ਕੀ ਸੋਭਾ ਬ੍ਰਹਮ ਗਿਆਨੀ ਬਨੀ ॥
ਨਾਨਕ ਬ੍ਰਹਮ ਗਿਆਨੀ ਸਰਬ ਕਾ ਧਨੀ ॥੮॥੮॥ **1x20=20**

## ਭਾਗ ਚੌਥਾ

**ਨੋਟ** : ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਉ।

**7.** **(i)** ਗੁਰਮਤਿ-ਕਾਵਿ 'ਚੋਂ 'ਮਾਇਆ' ਦਾ ਕੀ ਸੰਕਲਪ ਉੱਭਰਦਾ ਹੈ ?

**(ii)** 'ਵਾਰ' ਤੇ 'ਅਧਿਆਤਮਕ ਵਾਰ' ਵਿਚਲਾ ਅੰਤਰ ਸਪੱਸ਼ਟ ਕਰੋ ।

**(iii)** 'ਮੰਗਲਾਚਰਣ' ਤੋਂ ਕੀ ਭਾਵ ਹੈ ?

**(iv)** ਗੁਰਮਤਿ-ਕਾਵਿ 'ਚ 'ਜਗਤ' ਤੇ 'ਮਾਨਵ' ਸੰਕਲਪਾਂ ਦੀ ਪੇਸ਼ਕਾਰੀ ਕਿਵੇਂ ਹੋਈ ਹੈ?

**(v)** 'ਸਲੋਕ' ਨੂੰ ਪਰਿਭਾਸ਼ਤ ਕਰੋ। **5x4=20**

---------------------- **00** ----------------------

Scanned by TapScanner

Roll No...... ...

M.A. Punjabi SemI-I (Regular)

Course No.-304(ii) Unique Code:212304(ii)

Paper:Bhagti Kaav:History,Theory and Tendencies

(Nov-Dec.2016)

ਕੁੱਲ ਸਮਾਂ:ਤਿੰਨ ਘੰਟੇ ਅੰਕ:70

ਨੋਟ:ਪਹਿਲੇ ਭਾਗ ਵਿਚੋਂ ਇਕ,ਦੂਜੇ ਭਾਗ ਵਿਚੋਂ ਦੋ ਅਤੇ ਤੀਜੇ ਭਾਗ ਵਿਚੋਂ ਇਕ ਪ੍ਰਸ਼ਨ ਦਾ ਉੱਤਰ ਦਿਉ।ਚੌਥੇ ਭਾਗ ਦੇ ਸਾਰੇ ਪ੍ਰਸ਼ਨਾਂ ਦੇ ਉੱਤਰ ਦਿਉ।

ਭਾਗ-ਪਹਿਲਾ

1. ਭਗਤ ਬਾਣੀ ਯੁੱਗਾਂ ਦੀਆਂ ਪ੍ਰਸਥਿਤੀਆਂ ਅਨੁਸਾਰ ਮਨੁੱਖਤਾ ਦੇ ਕਲਿਆਣ ਦਾ ਨਵਾਂ ਸੰਦੇਸ਼ ਦਿੰਦੀ ਹੈ:ਸਪੱਸ਼ਟ ਕਰੋ। 14
2. ਭਗਤ ਬਾਣੀ ਦੇ ਕਾਵਿ ਸ਼ਾਸਤਰ ਬਾਰੇ ਵਿਸਤਾਰ ਪੂਰਬਕ ਚਰਚਾ ਕਰੋ।

ਭਾਗ-ਦੂਜਾ

3. ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਗਤ ਨਾਮ ਦੇਵ ਦੀ ਬਾਣੀ ਦਾ ਸਥਾਨ ਨਿਸਚਿਤ ਕਰੋ ।
4. ਭਗਤ ਰਵਿਦਾਸ ਦੇ ਜੀਵਨ,ਰਚਨਾ ਅਤੇ ਵਿਚਾਰਧਾਰਾ ਤੇ ਚਰਚਾ ਕਰੋ।
5. ਭਗਤ ਕਬੀਰ ਦੀ ਬਾਣੀ ਵਿਚ ਪੇਸ਼ ਸਦੀਵੀ ਮਸਲਿਆਂ ਬਾਰੇ ਉਦਾਹਰਣਾਂ ਸਹਿਤ ਵਿਚਾਰ ਕਰੋ। 14x2=28

ਭਾਗ-ਤੀਜਾ

6 ਕਿਸੇ ਇਕ ਬੰਦ ਦੀ ਵਿਹਾਰਕ ਸਮੀਖਿਆ ਕਰੋ।

ਸੁਲਤਾਨ ਪੂਛੈ ਨਾਮਾ।ਦੇਖਉ ਰਾਮ ਤੁਮਾਰੇ ਕਾਮਾ।

ਨਾਮਾ ਸੁਲਤਾਨੇ ਬਾਸਿਲਾ।ਦੇਖਉ ਤੇਰਾ ਹਰਿ ਬੀਠਲਾ।ਰਹਾਉ।

ਬਿਸਮਲ ਗਊ ਦੇਹੁ ਜੀਵਾਇ। ਨਾ ਤਰੁ ਗਰਦਨਿ ਮਾਰਉ ਚਾਇ।

ਬਾਦਸਹਿ ਐਸੀ ਕਿਉ ਹੋਇ।ਬਿਸਮਿਲਿ ਕੀਆ ਨ ਜੀਵੈ ਕੋਇ।

ਮੇਰਾ ਕੀਆ ਕਛੂ ਨਾ ਹੋਇ।ਕਹਿ ਹੈ ਰਾਮ ਹੋਇ ਹੈ ਸੋਇ।

Scanned by TapScanner

ਜਾਂ

copy

ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂ ਹੀ ਮੈਂ ਨਾਹੀ।।
ਅਨਲ ਅਗਮ ਜੈਸੇ ਲਹਰਿ ਮਇ ਉਦਧਿ,
ਜਲ ਕੇਵਲ ਜਲ ਮਾਂਹੀ।।
ਮਾਧਵੇ ਕਿਆ ਕਹੀਐ ਭ੍ਰਮ ਐਸਾ।।ਜੈਸਾ ਮਾਨੀਐ ਹੋਇ ਨ ਤੈਸਾ।।
ਪ੍ਰਾਨੀ ਕਿਆ ਮੇਰਾ ਕਿਆ ਤੇਰਾ।। 14
ਜੈਸੇ ਤਰਵਰ ਪੰਖਿ ਬਸੇਰਾ।।

## ਭਾਗ–ਚੌਥਾ

7.ਸੰਖੇਪ ਉੱਤਰ ਦਿਉ:

ੳ. ਭਗਤੀ ਲਹਿਰ ਦਾ ਇਕ ਸਾਂਝਾ ਸਿਧਾਂਤਕ ਸੂਤਰ ਦੱਸੋ।

ਅ.ਭਗਤੀ ਕਾਲ ਦੇ ਪਿਛੋਕੜ ਵਿਚ ਕਿਹੜੇ ਧਾਰਮਿਕ ਅਤੇ ਰਾਜਨੀਤਕ ਕਾਰਨ ਸਨ?

ੲ. ਭਗਤੀ ਕਾਲ ਦੇ ਸੰਤਾਂ ਦੇ ਭਉ ਭਗਤੀ ਦੇ ਸੰਕਲਪ ਬਾਰੇ ਦੱਸੋ ।

ਸ. ਭਗਤੀ ਕਾਲ ਦੀ ਕਿਸੇ ਇਕ ਸਮਾਜਿਕ ਸਮੱਸਿਆ ਬਾਰੇ ਰਵਿਦਾਸ ਜੀ ਨੇ ਕੀ ਵਿਚਾਰ ਪ੍ਰਗਟ ਕੀਤੇ ਹਨ ?

ਹ. ਭਗਤ ਕਬੀਰ ਜੀ ਦਾ ਧਾਰਮਿਕ ਪਿਛੋਕੜ ਕੀ ਸੀ ?

ਕ. ਭਗਤ ਨਾਮਦੇਵ ਦੀ ਬਾਣੀ ਦਾ ਕੇਂਦਰ ਬਿੰਦੂ ਕੀ ਹੈ ? 7x2=14

ਖ. ਭਗਤੀ ਲਹਿਰ ਕਿਸ ਸਦੀ ਤੋਂ ਕਿਸ ਸਦੀ ਤੱਕ ਫੈਲੀ ?

Scanned by TapScanner